# ਫਿਸਟੁਲਾ ਜਾਂ ਗ੍ਰਾਫਟ ਸਬੰਧੀ ਸਮੱਸਿਆਵਾਂ: ਕੀ ਕਰਨਾ ਹੈ

ਜੇ ਤੁਹਾਡੇ ਫਿਸਟੁਲਾ ਜਾਂ ਗ੍ਰਾਫਟ ਵਿੱਚ ਬਹੁਤ ਜ਼ਿਆਦਾ ਖੂਨ ਵਹਿਣ ਲੱਗਦਾ ਹੈ ਅਤੇ ਤੁਸੀਂ ਇਸ ਨੂੰ ਰੋਕਣ ਲਈ ਕਾਫੀ ਦਬਾਅ ਨਹੀਂ ਪਾ ਸਕਦੇ ਤਾਂ **ਤੁਹਾਨੂੰ ਲਾਜ਼ਮੀ ਤੌਰ 'ਤੇ 999 'ਤੇ ਕਾਲ ਕਰਨੀ ਚਾਹੀਦੀ ਹੈ** ਅਤੇ ਆਪਣੇ ਸਭ ਤੋਂ ਨੇੜਲੇ A&E ਵਿਭਾਗ ਵਿੱਚ ਜਾਣਾ ਚਾਹੀਦਾ ਹੈ। ਉਹ ਅਗਲੇਰੀ ਸਲਾਹ ਲਈ ਤੁਹਾਡੇ ਹਿਮੋਡਾਇਲਿਸਿਸ ਯੂਨਿਟ ਜਾਂ ਵਿਕਟੋਰੀਆ ਵਾਰਡ ਨਾਲ ਸੰਪਰਕ ਕਰ ਸਕਦੇ ਹਨ।

## ਲਾਗ ਰੋਕਣ ਲਈ ਚੰਗੀ ਸਫਾਈ ਨੂੰ ਬਰਕਰਾਰ ਰੱਖੋ।

- ਆਪਣੀ ਬਾਂਹ ਨੂੰ ਹਮੇਸ਼ਾ ਸਾਫ ਰੱਖੋ। ਹਰੇਕ ਡਾਇਲਿਸਿਸ ਸੈਸ਼ਨ ਤੋਂ ਪਹਿਲਾਂ, ਤੁਹਾਨੂੰ ਸਾਬਣ ਅਤੇ ਪਾਣੀ ਨਾਲ ਆਪਣੀ ਫਿਸਟੁਲਾ/ਗ੍ਰਾਫਟ ਵਾਲੀ ਬਾਂਹ ਨੂੰ ਧੋਣ ਅਤੇ ਫੇਰ ਤੁਹਾਡੀਆਂ ਸੁਈਆਂ ਲਗਾਉਣ ਤੋਂ ਪਹਿਲਾਂ ਚੰਗੀ ਤਰ੍ਹਾਂ ਸੁਕਾਉਣ ਲਈ ਕਿਹਾ ਜਾਵੇਗਾ।
- ਸੂਈ ਵਾਲੀਆਂ ਥਾਂਵਾਂ ਤੋਂ ਪੇਪੜੀ ਨਾ ਲਾਹੋ ਜਾਂ ਆਪਣੀ ਬਾਂਹ ਨੂੰ ਨਾ ਖੁਰਚੋ।
- ਜੇ ਤੁਹਾਡੀ ਫਿਸਟੁਲਾ ਜਾਂ ਗ੍ਰਾਫਟ ਵਾਲੀ ਬਾਂਹ ਦੇ ਕਿਸੇ ਵੀ ਹਿੱਸੇ ਵਿੱਚ ਦਰਦ ਹੁੰਦਾ ਹੈ, ਇਹ ਲਾਲ ਹੋ ਜਾਂਦੀ ਹੈ ਜਾਂ ਸੁੱਜ ਜਾਂਦੀ ਹੈ ਤਾਂ ਜਲਦੀ ਤੋਂ ਜਲਦੀ ਆਪਣੇ ਗੁਰਦਾ ਵਿਭਾਗ ਜਾਂ ਕੰਮਕਾਜੀ ਘੰਟਿਆਂ ਤੋਂ ਬਾਅਦ ਦੇ ਵਿਕਟੋਰੀਆ ਵਾਰਡ ਨਾਲ ਸੰਪਰਕ ਕਰੋ।

## ਫਿਸਟੁਲਾ ਜਾਂ ਗ੍ਰਾਫਟ ਨਾਲ ਸਬੰਧਤ ਹੋਰ ਸਮੱਸਿਆਵਾਂ ਜਾਂ ਪੇਚੀਦਗੀਆਂ

- ਜੇ ਤੁਹਾਡੀ ਸੂਈ ਵਾਲੀ ਥਾਂ ਤੋਂ ਖੂਨ ਰਿਸਦਾ ਹੈ, ਤਾਂ ਜ਼ੋਰ ਨਾਲ ਦਬਾਓ ਪਾਓ। ਜੇ 15 ਮਿੰਟਾਂ ਅੰਦਰ ਖੂਨ ਦਾ ਵਹਿਣਾ ਬੰਦ ਨਹੀਂ ਹੁੰਦਾ, ਤਾਂ ਸਲਾਹ ਲਈ ਆਪਣੇ ਹਿਮੋਡਾਇਲਿਸਿਸ ਯੂਨਿਟ ਨੂੰ ਕਾਲ ਕਰੋ। ਜੇ ਇਹ ਕੰਮਕਾਜੀ ਸਮਿਆਂ ਤੋਂ ਬਾਅਦ ਹੁੰਦਾ ਹੈ ਤਾਂ ਕਿਰਪਾ ਕਰਕੇ ਵਿਕਟੋਰੀਆ ਵਾਰਡ ਨੂੰ ਕਾਲ ਕਰੋ।
- ਹਰ ਰੋਜ਼ ਜਾਂਚ ਕਰੋ ਕਿ ਤੁਹਾਡਾ ਫਿਸਟੁਲਾ ਜਾਂ ਗ੍ਰਾਫਟ ''ਟੁਣਟੁਣਾਹਟ'' ਕਰ ਰਿਹਾ ਹੈ ਜੋ ਸੰਕੇਤ ਦਿੰਦਾ ਹੈ ਕਿ ਇਹ ਕੰਮ ਕਰ ਰਿਹਾ ਹੈ। ਇਸ ਨੂੰ ਥ੍ਰਿਲ ਜਾਂ ਬਰੂਟ ਕਿਹਾ ਜਾਂਦਾ ਹੈ। ਜੇ ਥ੍ਰਿਲ ਬਦਲ ਜਾਂਦੀ ਹੈ ਜਾਂ ਮੱਧਮ ਜਾਂ ਲੁਪਤ ਹੋ ਜਾਂਦੀ ਹੈ, ਤਾਂ ਆਪਣੇ ਡਾਇਲਿਸਿਸ ਖੇਤਰ ਜਾਂ ਵਿਕਟੋਰੀਆ ਵਾਰਡ ਨਾਲ ਤੁਰੰਤ ਸੰਪਰਕ ਕਰੋ।
- ਕਿਸੇ ਨੂੰ ਵੀ ਆਪਣੀ ਫਿਸਟੁਲਾ ਅਤੇ ਗ੍ਰਾਫਟ ਵਾਲੀ ਬਾਂਹ 'ਤੇ ਬਲੱਡ ਪ੍ਰੈਸ਼ਰ ਵਾਲਾ ਕੱਫ ਨਾ ਪਾਉਣ ਦਿਓ।
- ਆਪਣੀ ਫਿਸਟੁਲਾ ਜਾਂ ਗ੍ਰਾਫਟ ਵਾਲੀ ਬਾਂਹ ਵਿੱਚ ਘੜੀਆਂ ਜਾਂ ਘੁਟਵੇਂ ਕੱਫ ਨਾ ਪਹਿਨੋ।
- ਫਿਸਟੁਲਾ ਜਾਂ ਗ੍ਰਾਫਟ ਦੀ ਵਰਤੋਂ ਸਿਰਫ ਹਿਮੋਡਾਇਲਿਸਿਸ ਲਈ ਕਰਨੀ ਚਾਹੀਦੀ ਹੈ। ਤੁਹਾਡੇ ਫਿਸਟੁਲਾ ਤੇ ਗ੍ਰਾਫਟ ਤੋਂ ਖੂਨ ਨਹੀਂ ਲਿਆ ਜਾਣਾ ਚਾਹੀਦਾ ਅਤੇ ਇਸ ਰਾਹੀਂ ਅੰਤਰ-ਨਸੀ ਦਵਾਈਆਂ ਨਹੀਂ ਦੇਣੀਆਂ ਚਾਹੀਦੀਆਂ।
- ਆਪਣੀ ਫਿਸਟੁਲਾ ਜਾਂ ਗ੍ਰਾਫਟ ਵਾਲੀ ਬਾਂਹ ਨਾਲ ਭਾਰੇ ਵਜ਼ਨ (ਮਿਸਾਲ ਲਈ ਖਰੀਦਦਾਰੀ ਵਾਲੇ ਬੈਗ) ਨਾ ਚੁੱਕੋ। ਭਾਰ ਦੀ ਸਿਖਲਾਈ ਜਾਂ ਇਸ ਤਰ੍ਹਾਂ ਦੀ ਕਸਰਤ ਵਿੱਚ ਭਾਗ ਨਾ ਲਵੋ। ਇਸ ਗੱਲ ਦਾ ਧਿਆਨ ਰੱਖੋ ਕਿ ਬਾਗਵਾਨੀ ਜਾਂ ਇਹੋ ਜਿਹੀਆਂ ਗਤੀਵਿਧੀਆਂ ਕਰਦੇ ਸਮੇਂ ਤੁਹਾਡੀ ਬਾਂਹ 'ਤੇ ਝਰੀਟ ਨਾ ਪਵੇ ਜਾਂ ਇਹ ਮੈਲੀ ਨਾ ਹੋ ਜਾਏ।
- ਧਿਆਨ ਰੱਖੋ ਕਿ ਤੁਹਾਡੇ ਫਿਸਟੁਲਾ ਜਾਂ ਗ੍ਰਾਫਟ 'ਤੇ ਠੋਕਰ ਨਾ ਵੱਜੇ ਜਾਂ ਚੀਰਾ ਨਾ ਪਵੇ।
- ਜੇ ਤੁਹਾਨੂੰ ਦਸਤ ਲੱਗਦੇ ਹਨ ਜਾਂ ਉਲਟੀ ਆਉਂਦੀ ਹੈ, ਤਾਂ ਤੁਹਾਡੇ ਅੰਦਰ ਜਲਦੀ ਨਾਲ ਪਾਣੀ ਦੀ ਕਮੀ ਹੋ ਸਕਦੀ ਹੈ ਅਤੇ ਤੁਹਾਡਾ ਫਿਸਟੁਲਾ ਜਾਂ ਗ੍ਰਾਫਟ ਕੰਮ ਕਰਨਾ ਬੰਦ ਕਰ ਸਕਦਾ ਹੈ। ਥ੍ਰਿਲ/ਬਰੂਟ ਲਈ ਲਗਾਤਾਰ ਜਾਂਚ ਕਰਦੇ ਰਹੋ। ਜੇ ਤੁਸੀਂ ਫਿਕਰਮੰਦ ਹੋਵੋ ਤਾਂ ਆਪਣੀ ਯੂਨਿਟ ਜਾਂ ਵਿਕਟੋਰੀਆ ਵਾਰਡ ਨੂੰ ਕਾਲ ਕਰੋ।
- ਜੇ ਤੁਹਾਡਾ ਬਲੱਡ ਪ੍ਰੈਸ਼ਰ ਬਹੁਤ ਘੱਟ ਜਾਂਦਾ ਹੈ ਜਾਂ ਜੇ ਤੁਹਾਡੇ ਸਰੀਰ ਵਿੱਚ ਪਾਣੀ ਦੀ ਕਮੀ ਹੋ ਜਾਂਦੀ ਹੈ, ਤਾਂ ਇਸ ਨਾਲ ਫਿਸਟੁਲਾ ਜਾਂ ਗ੍ਰਾਫਟ ਬੰਦ ਹੋ ਸਕਦਾ ਹੈ। ਜੇ ਟੁਣਟੁਣਾਹਟ ਬਦਲਦੀ ਹੈ, ਤਾਂ ਆਪਣੀ ਹਿਮੋਡਾਇਲਿਸਿਸ ਯੂਨਿਟ ਜਾਂ ਵਿਕਟੋਰੀਆ ਵਾਰਡ ਨੂੰ ਕਾਲ ਕਰੋ।

**ਬਿਨਾਇਨ ਡਾਇਲਿਸਿਸ ਯੂਨਿਟ: 0118 322 8360**

**ਬ੍ਰੈਕਨੈਲ ਡਾਇਲਿਸਿਸ ਯੂਨਿਟ: 01344 662961**

**CAPD ਯੂਨਿਟ: 0118 322 8555**

**ਹੰਟਲੇ ਅਤੇ ਪਾਲਮਰ ਡਾਇਲਿਸਿਸ ਯੂਨਿਟ: 0118 322 8519**

**ਗੁਰਦੇ ਦੀ ਦੇਖਭਾਲ ਲਈ ਨਰਸਾਂ: 0118 322 7899**

**ਟ੍ਰਾਂਸਪਲਾਂਟ ਨਰਸਾਂ: 0118 322 5111 ਪੇਜਰ 40593**

**ਵਿੰਡਸਰ ਡਾਇਲਿਸਿਸ ਯੂਨਿਟ: 01753 866008**

**ਜੇ ਉਪਰੋਕਤ ਵਿਭਾਗ ਬੰਦ ਹੋਣ ਤਾਂ ਕਿਰਪਾ ਕਰਕੇ ਸੰਪਰਕ ਕਰੋ:**

**ਵਿਕਟੋਰੀਆ ਵਾਰਡ: 0118 322 7462 ਜਾਂ 0118 322 7476**

## ਹੋਰ ਜਾਣਕਾਰੀ

ਹੋਰ ਜਾਣਕਾਰੀ ਹੇਠਾਂ ਦਿੱਤੀਆਂ ਵੈਬਸਾਈਟਾਂ ਤੇ ਮਿਲ ਸਕਦੀ ਹੈ:

www.britishkidney-pa.co.uk/patient-info
www.beaumont.ie/kidneycentre-forpatients-aguidetodialysis-accessfo
www.kidneypatientguide.org.uk

Royal Berkshire NHS Foundation Trust
London Road
Reading RG1 5AN
ਟੈਲੀਫ਼ੋਨ 0118 322 5111
www.royalberkshire.nhs.uk

REN_1228
ਗੁਰਦੇ ਦੀ ਦਵਾਈ, ਅਕਤੂਬਰ 2013
ਸਮੀਖਿਆ ਦੀ ਨਿਯਤ ਮਿਤੀ: ਅਕਤੂਬਰ 2015